Punjab ICT Education Society

**ਸੈਸ਼ਨ 2021-22**
**ਸ਼ੀਟ ਨੰ: 19**

DEPARTMENT OF
SCHOOL EDUCATION
Punjab (INDIA)

ਬੋਧ ਅੰਸ਼

# ਈ-ਸ਼ਬਦ



## ਅੱਜ ਦਾ ਸ਼ਬਦ "ਨੋਟੀਫਿਕੇਸ਼ਨ"

"**ਨੋਟੀਫਿਕੇਸ਼ਨ**" ਇੱਕ ਆਮ ਸ਼ਬਦ ਹੈ ਜੋ ਕਿ ਕਿਸੇ ਵੀ ਖਾਸ ਸੂਚਨਾ, ਬੇਨਤੀ ਜਾਂ ਚੇਤਾਵਣੀ ਨੂੰ ਦਰਸ਼ਾਉਂਦਾ ਹੈ। ਸਿਰਫ਼ ਕੰਪਿਊਟਰ ਜਾਂ ਹੋਰ ਡੀਜ਼ੀਟਲ ਕੰਪਿਊਟਿੰਗ ਉਪਕਰਣਾਂ ਵਿੱਚ ਹੀ ਨਹੀਂ, ਇਹ ਸਾਡੀ ਰੋਜ਼ਨਾ ਦੀ ਜਿੰਦਗੀ ਵਿੱਚ ਵਰਤਿਆ ਜਾਣ ਵਾਲਾ ਸ਼ਬਦ ਹੈ। ਉਦਾਹਰਣ ਦੇ ਤੌਰ ਤੇ ਅਸੀਂ ਸਾਡੇ ਪੇਪਰਾਂ ਬਾਰੇ, ਸਪੋਰਟਸ ਗਤੀਵਿਧੀਆਂ ਬਾਰੇ, ਆਪਣੇ ਨਤੀਜਿਆਂ ਆਦਿ ਬਾਰੇ ਨੋਟੀਫਿਕੇਸ਼ਨ ਪ੍ਰਾਪਤ ਕਰਦੇ ਹਾਂ।

ਡੀਜ਼ੀਟਲ ਕੰਪਿਊਟਿੰਗ ਉਪਕਰਣਾਂ ਜਿਵੇਂ ਕੰਪਿਊਟਰ, ਮੋਬਾਇਲ, ਸਮਾਰਟ ਫੋਨ, ਟੈਬਲੇਟ ਆਦਿ ਦੇ ਖੇਤਰ ਵਿੱਚ ਨੋਟੀਫਿਕੇਸ਼ਨ ਕਿਸੇ ਵੀ ਖਾਸ ਕੰਮ ਦੇ ਹੋਣ ਦਾ ਸੁਨੇਹਾ ਹੁੰਦਾ ਹੈ। ਇਹਨਾਂ ਡੀਜ਼ੀਟਲ ਉਪਰਕਣਾਂ ਵਿੱਚ ਨੋਟੀਫਿਕੇਸ਼ਨ ਇੱਕ ਖਾਸ ਕਿਸਮ ਦਾ ਗੁਣ ਹੈ ਜੋ ਕਿ ਟੈਕਸਟ ਮੈਸੇਜ, ਈ-ਮੇਲ, ਮੌਸਮ, ਮੁੱਖ ਖਬਰਾਂ ਜਾਂ ਸੋਸ਼ਲ ਮੀਡੀਆ ਸੰਬੰਧੀ ਨਵੀਂ ਜਾਣਕਾਰੀ ਜਾਂ ਉਪਕਰਣ ਵਿੱਚ ਕੁਝ ਵੀ ਹੋਰ ਮੌਜੂਦਾ ਘਟਨਾਂ ਨੂੰ ਦਰਸ਼ਾਉਂਦਾ ਹੈ।

ਕੰਪਿਊਟਰ ਜਾਂ ਹੋਰ ਡੀਜ਼ੀਟਰ ਉਪਕਰਣ ਵਿੱਚ ਨੋਟੀਫਿਕੇਸ਼ਨ ਦਾ ਸਭ ਤੋਂ ਉੱਚਤਮ ਪ੍ਰਯੋਗ ਕਰਨ ਲਈ ਇਹ ਬਹੁਤ ਮਹੱਤਵਪੂਰਨ ਹੈ ਕੇ ਢੁੱਕਵੀਂ ਜਾਣਕਾਰੀ ਸਹੀ ਸਮੇਂ ਤੇ ਦਿਖਾਈ ਜਾਵੇ। ਆਪਣੇ ਬਹੁਤ ਹੀ ਨਿਜੀ ਸੁਨੇਹੇ ਸਾਨੂੰ ਸਹੀ ਸਮੇਂ ਮਿਲਣੇ ਚਾਹੀਦੇ ਹਨ ਤਾਂ ਜੋ ਅਸੀਂ ਕਿਸੇ ਖਾਸ ਘਟਨਾ ਤੋਂ ਅਣਜਾਣ ਹੋਣ ਤੋਂ ਬਚ ਸਕੀਏ। ਨੋਟੀਫਿਕੇਸ਼ਨ ਵਿਖਾਉਣ ਸਮੇਂ ਆਵਾਜ਼ ਦਾ ਘੱਟ ਹੋ ਜਾਣਾ ਵੀ ਯੂਜ਼ਰ ਨਾਲ ਸਫ਼ਲ ਸੰਚਾਰ ਦਾ ਬਹੁਤ ਵਧੀਆ ਤਰੀਕਾ ਹੈ।ਅਸੀਂ ਨੋਟੀਫਿਕੇਸ਼ਨਾਂ ਨੂੰ ਹੇਠਾਂ ਲਿਖਿਆਂ ਦੋ ਮੁੱਖ ਕਿਸਮਾਂ ਵਿੱਚ ਵੰਡ ਸਕਦੇ ਹਾਂ:

1. **ਉਹ ਨੋਟੀਫਿਕੇਸ਼ਨਾਂ ਜਿੰਨਾਂ ਨੂੰ ਯੂਜ਼ਰ ਦੇ ਕਾਰਜ ਦੀ ਲੋੜ ਨਹੀਂ ਹੁੰਦੀ:** ਇਸ ਪ੍ਰਕਾਰ ਦੀਆਂ ਨੋਟੀਫਿਕੇਸ਼ਨਾਂ ਵਿੱਚ ਕਿਸੇ ਵੀ ਘਟਨਾ ਬਾਰੇ ਇੱਕ ਸਾਧਾਰਨ ਸੁਨੇਹਾ ਯੂਜ਼ਰ ਨੂੰ ਵਿਖਾਇਆ ਜਾਂਦਾ ਹੈ। ਯੂਜ਼ਰ ਨੂੰ ਇਸ ਨੋਟੀਫਿਕੇਸ਼ਨ ਉੱਪਰ ਕੋਈ ਵੀ ਕਾਰਜ਼ ਕਰਨ ਦੀ ਜਰੂਰਤ ਨਹੀਂ ਹੁੰਦੀ।
2. **ਉਹ ਨੋਟੀਫਿਕੇਸ਼ਨਾਂ ਜਿੰਨ੍ਹਾਂ ਨੂੰ ਯੂਜ਼ਰ ਦੁਆਰਾ ਕਿਤੇ ਜਾਣ ਵਾਲੇ ਕਾਰਜ਼ ਦੀ ਲੋੜ ਹੁੰਦੀ ਹੈ:** ਅਜਿਹੀਆਂ ਨੋਟੀਫਿਕੇਸ਼ਨਾਂ ਉੱਪਰ ਸਾਨੂੰ ਕੋਈ ਖਾਸ ਕਾਰਜ਼ ਕਰਨਾ ਪੈਂਦਾ ਹੈ ਜਾਂ ਕੋਈ ਵੀ ਵਿਕਲਪ ਚੁਣਨਾ ਪੈਂਦਾ ਹੈ।

## Word of the Day is "**Notification**"

"**Notification**" is a formal term used to represent a notice, request or warning. Not only in computers or other digital computing devices, this word is most widely used in our day-to-day life. For example you can get a notification from your school about your examinations, Sports meet, about your result etc.

In the field of digital computing devices like computer, mobiles, smartphones, tables etc., notification is an indicator that an event has occurred. Notifications are a major feature of these digital devices for informing the user that an event such as a text message, email, weather, news headline or social media update or anything else is now available on the device.

For best use of notifications in computers or other digital devices, it is always kept in mind that it is important only to show relevant information at the right time. Messages that are more personal to the user and displayed at the right time, will avoid the risk of becoming an annoyance. Reducing the volume of notifications is also a good approach to a successful communication with users. We can classify notifications in following two major categories:

1. **Notification needs no interaction**: In this type of notification, a simple message is displayed to the user about an event. User needs no event to perform over it.
2. **Notification needs interaction**: In this type of notification, user has to perform some operation or providing choice over the notification.

## ਰੋਚਕ ਤੱਥ:-

**ਜਦੋਂ ਤੁਹਾਨੂੰ ਅੱਜ ਦੀ ਇਸ ਸ਼ੀਟ ਦਾ ਮੈਸੇਜ਼ ਤੁਹਾਡੇ ਫੋਨ ਤੇ ਪ੍ਰਾਪਤ ਹੋਇਆ, ਇਹ ਤੁਹਾਡੇ ਹੋਮ ਸਕ੍ਰੀਨ ਤੇ ਉੱਪਰਲੇ ਭਾਗ ਵਿੱਚ ਦਿਖਾਈ ਦੇਵੇਗਾ। ਇਹ ਵੀ ਨੋਟੀਫਿਕੇਸ਼ਨ ਦੀ ਹੀ ਇੱਕ ਉਦਾਹਰਨ ਹੈ।**

## Interesting Facts:-

When you get a message about today's sheet on your mobile phone, it would be displayed on home screen's top area. It is also an example of a notification.

**ਸੰਬੰਧਤ ਈ-ਸ਼ਬਦ ਦੀ ਵੀਡੀਓ ਦੇਖਣ ਲਈ ਲਿੰਕ ਕੇ ਕਲਿੱਕ ਕਰੋ:** https://youtu.be/DB1ZyjYzk4M

**D.M.: Mohd. Aarif (Sangrur)** **Sukhwinder Singh (GSSS(G), Sunam Udham Singh Wala)**